# ਜਮਾਤ -8ਵੀਂ ਕਿਰਿਆ

**ਪਰਿਭਾਸ਼ਾ**-ਜਿਹੜਾ ਸ਼ਬਦ ਕਿਸੇ ਕੰਮ ਦਾ ਕਰਨਾ ਜਾਂ ਹੋਣਾ ਕਾਲ ਸਹਿਤ ਪ੍ਰਗਟ ਕਰੇ,ਉਸ ਨੂੰ ਕਿਰਿਆ ਕਿਹਾ ਜਾਂਦਾ ਹੈ।ਜਿਵੇਂ:- ਖੇਡਦਾ, ਸੌਂ ਰਿਹਾ, ਪੜ੍ਹਾਉਂਦੇ, ਗਾ ਰਿਹਾ ਆਦਿ।

## ਕਿਰਿਆ ਦੀਆਂ ਕਿਸਮਾਂ

### ਕਿਰਿਆ ਦੋ ਪ੍ਰਕਾਰ ਦੀ ਹੁੰਦੀ ਹੈ:-




1. **ਅਕਰਮਕ ਕਿਰਿਆ:**-ਜਿਸ ਵਾਕ ਵਿੱਚ ਕੇਵਲ ਕਰਤਾ ਹੀ ਹੋਵੇ,ਕਰਮ ਨਾ ਹੋਵੇ,ਉਸ ਨੂੰ ਅਕਰਮਕ ਕਿਰਿਆ ਕਿਹਾ ਜਾਂਦਾ ਹੈ:-

(ੳ) ਮੁੰਡਾ ਹੱਸਦਾ ਹੈ।

(ਅ) ਕੁੜੀ ਗਾਉਂਦੀ ਹੈ।

2. **ਸਕਰਮਕ ਕਿਰਿਆ:**ਜਿਸ ਵਾਕ ਵਿੱਚ ਕਿਰਿਆ ਦਾ ਕਰਤਾ ਤੇ ਕਰਮ ਦੋਵੇਂ ਹੋਣ,ਉਸ ਨੂੰ ਸਕਰਮਕ ਕਿਰਿਆ ਕਿਹਾ ਜਾਂਦਾ ਹੈ:-

(ੳ) ਮਾਤਾ ਜੀ ਰੋਟੀ ਪਕਾਉਂਦੇ ਹਨ।

(ਅ) ਬੱਚਾ ਕਿਤਾਬ ਪੜ੍ਹ ਰਿਹਾ ਹੈ।

**ਹੇਠਾਂ ਦਿੱਤੇ ਵਾਕਾਂ ਵਿੱਚ ਕਿਰਿਆ ਸ਼ਬਦਾਂ ਦੇ ਹੇਠਾਂ ਲਕੀਰ ਲਾਓ:-**

9. ਕੁੜੀ ਕਹਾਣੀ ਪੜ੍ਹਦੀ ਹੈ।
10. ਬੱਚੇ ਮੈਚ ਖੇਡ ਰਹੇ ਹਨ।
11. ਰਾਜੂ ਪਤੰਗ ਉਡਾਉਂਦਾ ਹੈ।
12. ਦੀਪਕਾ ਸੌਂ ਗਈ।
13. ਰਾਹੁਲ ਗਾ ਰਿਹਾ ਹੈ।
14. ਕਾਕਾ ਰੋਇਆ।
15. ਵਰਖਾ ਪੈ ਰਹੀ ਹੈ।
16. ਅਸੀਂ ਕੱਲ੍ਹ ਪਟਿਆਲੇ ਗਏ।


ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700



ਇਸ ਕੋਡ ਨੂੰ ਸਕੈਨ ਕਰਕੇ PUNJAB EDUCARE ਐਪ ਡਾਊਨਲੋਡ ਕਰੋ ਤੇ ਸਾਰਾ Study Matetrial ਘਰ ਬੈਠੇ ਪ੍ਰਾਪਤ ਕਰੋ।

# ਜਮਾਤ -8ਵੀਂ ਵਿਸ਼ੇਸ਼ਣ

**ਪਰਿਭਾਸ਼ਾ**-ਜਿਹੜੇ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਨਾਲ਼ ਆ ਕੇ ਉਸ ਦੀ ਵਿਸ਼ੇਸ਼ਤਾ ਪ੍ਰਗਟ ਕਰਨ,ਉਹਨਾਂ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ।ਜਿਵੇਂ:- ਲੰਮਾ ਮੁੰਡਾ,ਚਾਰ ਮਿੱਤਰ, ਹੁਸ਼ਿਆਰ ਕੁੜੀ ਆਦਿ।

## ਵਿਸ਼ੇਸ਼ਣ ਦੀਆਂ ਕਿਸਮਾਂ

### ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹੁੰਦੇ ਹਨ:-




**1. ਗੁਣਵਾਚਕ ਵਿਸ਼ੇਸ਼ਣ:**-ਜਿਹੜੇ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਦੇ ਗੁਣ-ਔਗੁਣ ਪ੍ਰਗਟ ਕਰਨ,ਜਿਵੇਂ:-

ਪਤਲੀ ਕੁੜੀ, ਸੁੰਦਰ ਦ੍ਰਿਸ਼, ਕਾਲਾ ਮੁੰਡਾ, ਮੋਟੀ ਔਰਤ ਆਦਿ।

**2. ਸੰਖਿਆਵਾਚਕ ਵਿਸ਼ੇਸ਼ਣ:**-ਜਿਹੜੇ ਸ਼ਬਦ ਤੋਂ ਨਾਂਵ ਜਾਂ ਪੜਨਾਂਵ ਦੀ ਗਿਣਤੀ ਜਾਂ ਦਰਜ਼ੇ ਦਾ ਪਤਾ ਚੱਲੇ,ਜਿਵੇਂ:-

ਸੱਤ ਕਿਤਾਬਾਂ, ਪੰਜਾਹ ਰੁਪਏ, ਚਾਰ ਬੱਚੇ, ਪਹਿਲਾ ਸਥਾਨ ਆਦਿ।

**3. ਪਰਿਮਾਣਵਾਚਕ ਵਿਸ਼ੇਸ਼ਣ:**-ਜਿਹੜੇ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਦੀ ਮਿਣਤੀ,ਮਾਪ ਜਾਂ ਤੋਲ ਦਾ ਗਿਆਨ ਦੇਣ,ਜਿਵੇਂ:-

ਬਹੁਤ ਧਨ, ਥੋੜ੍ਹਾ ਕੰਮ, ਕਾਫ਼ੀ ਸਮਾ, ਆਦਿ।

**4. ਨਿਸ਼ਚੇਵਾਚਕ ਵਿਸ਼ੇਸ਼ਣ:**-ਜਿਹੜੇ ਵਿਸ਼ੇਸ਼ਣ ਕਿਸੇ ਨਾਂਵ ਜਾਂ ਪੜਨਾਂਵ ਨੂੰ ਇਸ਼ਾਰੇ ਨਾਲ਼ ਆਮ ਤੋਂ ਖ਼ਾਸ ਬਣਾਉਣ, ਜਿਵੇਂ:-

ਅਹਿ ਕੁੜੀ, ਉਹ ਦੁਕਾਨ, ਇਹ ਕਿਤਾਬ, ਅਹੁ ਕਾਰ ਆਦਿ।

**5.ਪੜਨਾਵੀਂ ਵਿਸ਼ੇਸ਼ਣ:**-ਜਿਹੜਾ ਸ਼ਬਦ ਪੜਨਾਂਵ ਹੋਵੇ ਪਰ ਨਾਂਵ ਸ਼ਬਦ ਨਾਲ਼ ਆ ਕੇ ਵਿਸ਼ੇਸ਼ਣ ਦਾ ਕੰਮ ਕਰੇ, ਜਿਵੇਂ:-

ਸਾਡੀ ਕਾਰ, ਮੇਰੀ ਕਿਤਾਬ, ਤੁਹਾਡਾ ਘਰ, ਆਦਿ।

## ਵਿਸ਼ੇਸ਼ਣ ਸ਼ਬਦ ਚੁਣੋ ਤੇ ਕਿਸਮ ਵੀ ਦੱਸੋ

1. ਕਮਲ ਦੀ ਉਮਰ ਦਸ ਸਾਲ ਹੈ। ____________ ________________
2. ਰਮਨ ਗਰਮ ਦੁੱਧ ਪੀਂਦਾ ਹੈ। ____________ ________________
3. ਮੇਰਾ ਮੁੰਡਾ ਦੌੜ ਰਿਹਾ ਸੀ। ____________ ________________
4. ਕਈ ਲੋਕ ਸੈਰ ਕਰ ਰਹੇ ਸਨ। ____________ ________________
5. ਅਹੁ ਦੁਕਾਨ ਮੇਰੀ ਹੈ। ____________ ________________

ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ ਸਕੂਲ,ਦੇਧਨਾ
99886-43700

ਪੰਜਾਬ ਸਕੂਲ ਸਿੱਖਿਆ ਵਿਭਾਗ
ਪੜ੍ਹੋ ਪੰਜਾਬ ਪੜ੍ਹਾਓ ਪੰਜਾਬ
ਇਸ ਕੋਡ ਨੂੰ ਸਕੈਨ ਕਰਕੇ PUNJAB EDUCARE ਐਪ ਡਾਊਨਲੋਡ ਕਰੋ ਤੇ ਸਾਰਾ Study Matetrial ਘਰ ਬੈਠੇ ਪ੍ਰਾਪਤ ਕਰੋ।


# ਜਮਾਤ -8ਵੀਂ
# ਵਾਕ-ਬੋਧ

**ਵਾਕ ਸ਼ਬਦਾਂ ਦੇ ਉਸ ਸਮੂਹ ਨੂੰ ਆਖਦੇ ਹਨ,ਜਿਸ ਤੋਂ ਗੱਲ ਪੂਰੀ ਤਰ੍ਹਾਂ ਸਮਝ ਆ ਜਾਵੇ ਅਤੇ ਉਸ ਦਾ ਕੋਈ ਭਾਵ ਨਿਕਲ਼ਦਾ ਹੋਵੇ।**


ਵਾਕ ਨੂੰ ਮੁੱਖ ਤੌਰ'ਤੇ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ:-

1.ਉਦੇਸ਼ 2. ਵਿਧੇਅ

| ਉਦੇਸ਼ | ਵਿਧੇਅ |
|---|---|
| ਲੜਕੇ | ਖੇਡ ਰਹੇ ਹਨ। |
| ਅਸੀਂ | ਦੇਸ਼ ਨੂੰ ਬਹੁਤ ਪਿਆਰ ਕਰਦੇ ਹਾਂ। |
| ਰਵਨੀਤ | ਦੁੱਧ ਪੀ ਰਿਹਾ ਹੈ। |




## ਬਣਤਰ ਦੇ ਪੱਖ ਤੋਂ ਵਾਕ ਵੰਡ:-




**1.ਸਧਾਰਨ ਵਾਕ:-ਜਿਸ ਵਾਕ ਵਿੱਚ ਕੇਵਲ ਇੱਕ ਹੀ ਕਿਰਿਆ ਹੋਵੇ।**

ੳ) ਬੱਚਾ ਰੋ ਰਿਹਾ ਹੈ।
ਅ) ਲੜਕੀ ਖੇਡਦੀ ਹੈ।

**2.ਸੰਯੁਕਤ ਵਾਕ:-ਦੋ ਸਮਾਨ ਵਾਕਾਂ ਨੂੰ ਸਮਾਨ ਯੋਜਕ ਨਾ਼ਲ ਜੋੜ ਕੇ ਬਣਾਇਆ ਵਾਕ,ਜਿਸ ਵਿੱਚ ਕੋਈ ਉਪ-ਵਾਕ ਇੱਕ ਦੂਜੇ ਉੱਤੇ ਆਧਾਰਿਤ ਨਾ ਹੋਵੇ।**

ੳ) ਮਾਤਾ ਖਾਣਾ ਬਣਾ ਰਹੀ ਹੈ ਪਰ ਬੱਚੇ ਖੇਡ ਰਹੇ ਹਨ।
ਅ) ਰਮਨ ਨੇ ਗੀਤ ਗਾਇਆ ਅਤੇ ਕਮਲ ਨੇ ਕਵਿਤਾ ਸੁਣਾਈ।

**3.ਮਿਸ਼ਰਤ ਵਾਕ:-ਜਿਸ ਵਾਕ ਵਿੱਚ ਇੱਕ ਪ੍ਰਧਾਨ ਉਪਵਾਕ ਅਤੇ ਇੱਕ ਤੋਂ ਵੱਧ ਅਧੀਨ ਉਪਵਾਕ ਹੋਣ।**

ੳ) ਗੁਰਮਨ ਖੁਸ਼ ਹੈ ਕਿਉਂਕਿ ਉਹ ਜ਼ਿਲ੍ਹੇ ਵਿੱਚੋ ਪਹਿਲੇ ਸਥਾਨ'ਤੇ ਆਈ ਹੈ।
ਅ) ਜੇ ਮੀਂਹ ਨਾ ਪਿਆ ਤਾਂ ਮੈਂ ਦਿੱਲੀ ਜਾਵਾਂਗਾ।

ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700

ਇਸ ਕੋਡ ਨੂੰ ਸਕੈਨ ਕਰਕੇ PUNJAB EDUCARE ਐਪ ਡਾਊਨਲੋਡ ਕਰੋ ਤੇ ਸਾਰਾ Study Matetrial ਘਰ ਬੈਠੇ ਪ੍ਰਾਪਤ ਕਰੋ।

## ਭਾਵਾਂ ਦੇ ਪੱਖ ਤੋਂ ਵਾਕ ਵੰਡ:-

**1.ਹਾਂ-ਵਾਚਕ ਵਾਕ:-ਜਿਸ ਵਾਕ ਵਿੱਚ ਕਿਰਿਆ ਹਾਂ-ਵਾਚਕ ਹੋਵੇ**

ੳ) ਮੈਂ ਕਿਤਾਬ ਪੜ੍ਹ ਰਿਹਾ ਹਾਂ।

ਅ) ਅੱਜ ਮੌਸਮ ਬਹੁਤ ਵਧੀਆ ਹੈ।

**2.ਨਾਂਹ-ਵਾਚਕ ਵਾਕ:-ਜਿਸ ਵਾਕ ਵਿੱਚ ਕਿਰਿਆ ਨਾਂਹ-ਵਾਚਕ ਹੋਵੇ**

ੳ) ਮੈਂ ਕਿਤਾਬ ਨਹੀਂ ਪੜ੍ਹ ਰਿਹਾ ਹਾਂ।

ਅ) ਅੱਜ ਮੌਸਮ ਵਧੀਆ ਨਹੀਂ ਹੈ।

**3.ਪ੍ਰਸ਼ਨ-ਵਾਚਕ ਵਾਕ:-ਜਿਸ ਵਾਕ ਵਿੱਚ ਪ੍ਰਸ਼ਨ ਪੁੱਛਿਆ ਗਿਆ ਹੋਵੇ**

ੳ) ਕੀ ਉਹ ਸਕੂਲ ਜਾਂਦਾ ਹੈ?

ਅ) ਸਕੂਲ ਕਦੋਂ ਖੁੱਲ੍ਹਣਗੇ?

**4.ਵਿਸਮੈ-ਵਾਚਕ ਵਾਕ:-ਜਿਸ ਵਾਕ ਵਿੱਚ ਖੁਸ਼ੀ,ਗਮੀ,ਹੈਰਾਨੀ ਜਾਂ ਵਿਸਮੈ ਦਾ ਭਾਵ ਪ੍ਰਗਟ ਹੋਵੇ**

ੳ) ਵਾਹ, ਕਿੰਨਾ ਸੋਹਣਾ ਫੁੱਲ ਹੈ!

ਅ) ਸ਼ਾਬਾਸ਼, ਹੋਰ ਮਿਹਨਤ ਕਰੋ!




ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ ਸਕੂਲ,ਦੇਧਨਾ
99886-43700

ਇਸ ਕੋਡ ਨੂੰ ਸਕੈਨ ਕਰਕੇ PUNJAB EDUCARE ਐਪ ਡਾਊਨਲੋਡ ਕਰੋ ਤੇ ਸਾਰਾ Study Matetrial ਘਰ ਬੈਠੇ ਪ੍ਰਾਪਤ ਕਰੋ।

# ਜਮਾਤ -8ਵੀਂ

## ਬਹੁਤੇ ਸਬਦਾਂ ਦੀ ਥਾਂ ਇੱਕ ਸ਼ਬਦ

| | | |
|---|---|---|
| 35. | ਜਿਹੜਾ ਮਨੁੱਖ ਕਿਸੇ ਨਾਲ ਪੱਖ-ਪਾਤ ਨਾ ਕਰੇ | ਨਿਰਪੱਖ |
| 36. | ਜਿਹੜੇ ਮਨੁੱਖ ਇੱਕੋ ਸਮੇਂ ਹੋਏ ਹੋਣ | ਸਮਕਾਲੀ |
| 37. | ਜਿਹੜਾ ਦੇਸ ਨਾਲ ਗ਼ੱਦਾਰੀ ਕਰੇ | ਦੇਸ-ਧ੍ਰੋਹੀ/ਗ਼ੱਦਾਰ |
| 38. | ਜਿਹੜਾ ਬਹੁਤੀਆਂ ਗੱਲਾਂ ਕਰਦਾ ਹੋਵੇ | ਗਾਲੜੀ |
| 39. | ਜਿਹੜੇ ਗੁਣ ਜਾਂ ਔਗੁਣ ਜਨਮ ਤੋਂ ਹੋਣ | ਜਮਾਂਦਰੂ |
| 40. | ਜਿਹੜਾ ਬੱਚਾ ਘਰ ਵਿੱਚ ਸਭ ਬੱਚਿਆਂ ਤੋਂ ਪਹਿਲਾਂ ਪੈਦਾ ਹੋਇਆ ਹੋਵੇ | ਜੇਠਾ/ ਪਲੇਠਾ |
| 41. | ਜਿਸ ਨੇ ਧਰਮ ਜਾਂ ਦੇਸ ਲਈ ਜਾਨ ਕੁਰਬਾਨ ਕੀਤੀ ਹੋਵੇ | ਸ਼ਹੀਦ |
| 42. | ਜਿਸ ਨੂੰ ਸਾਰੇ ਪਿਆਰ ਕਰਨ | ਹਰਮਨ-ਪਿਆਰਾ |
| 43. | ਜਿਸ ਸ਼ਬਦ ਦੇ ਅਰਥ ਹੋਣ | ਸਾਰਥਕ |
| 44. | ਜਿਸ ਸ਼ਬਦ ਦੇ ਕੋਈ ਅਰਥ ਨਾ ਨਿਕਲਦੇ ਹੋਣ | ਨਿਰਾਰਥਕ |
| 45. | ਜਿਸ ਨੂੰ ਕਿਹਾ ਜਾਂ ਬਿਆਨ ਨਾ ਕੀਤਾ ਜਾ ਸਕਦਾ ਹੋਵੇ | ਅਕਹਿ |
| 46. | ਜਿਸ ਉੱਤੇ ਕਹੀ ਹੋਈ ਕਿਸੇ ਗੱਲ ਦਾ ਉੱਕਾ ਅਸਰ ਨਾ ਹੋਵੇ | ਢੀਠ / ਬੇਅਸਰ |
| 47. | ਜਦੋਂ ਮੀਂਹ ਨਾ ਪਵੇ ਜਾਂ ਮੀਂਹ ਦੀ ਘਾਟ ਹੋਵੇ | ਔੜ/ ਸੋਕਾ |
| 48. | ਜੋ ਦੂਸਰਿਆਂ ਦਾ ਭਲਾ ਕਰੇ | ਪਰਉਪਕਾਰੀ |
| 49. | ਜਿੱਥੇ ਰੁਪਏ, ਪੈਸੇ ਜਾਂ ਸਿੱਕੇ ਬਣਾਏ ਜਾਣ | ਟਕਸਾਲ |
| 50. | ਜੋ ਸਹਿਣ ਨਾ ਕੀਤਾ ਜਾ ਸਕਦਾ ਹੋਵੇ | ਅਸਹਿ |
| 51. | ਜੋ ਪੈਸੇ ਕੋਲ ਹੁੰਦਿਆਂ ਹੋਇਆਂ ਵੀ ਜ਼ਰੂਰੀ ਖ਼ਰਚ ਨਾ ਕਰੇ | ਕੰਜੂਸ |
| 52. | ਜੋ ਬੇਮਤਲਬ ਖ਼ਰਚ ਕਰੇ | ਖ਼ਰਚੀਲਾ |
| 53. | ਜੋ ਆਪ ਨਾਲ ਬੀਤੀ ਹੋਵੇ | ਹੱਡਬੀਤੀ |
| 54. | ਜੋ ਦੁਨੀਆਂ ਨਾਲ ਬੀਤੀ ਹੋਵੇ | ਜੱਗਬੀਤੀ |
| 55. | ਪਿੰਡ ਦੇ ਝਗੜਿਆਂ ਦਾ ਫ਼ੈਸਲਾ ਕਰਨ ਵਾਲੀ ਸਭਾ | ਪੰਚਾਇਤ |
| 56. | ਪੈਦਲ ਸਫ਼ਰ ਕਰਨ ਵਾਲਾ | ਪਾਂਧੀ |
| 57. | ਪਿਉ-ਦਾਦੇ ਦੀ ਗੱਲ | ਪਿਤਾ-ਪੁਰਖੀ |
| 58. | ਨਾਟਕ ਜਾਂ ਫ਼ਿਲਮ ਦੇਖਣ ਵਾਲਾ | ਦਰਸ਼ਕ |
| 59. | ਭਾਸ਼ਣ ਜਾਂ ਗੀਤ-ਸੰਗੀਤ ਸੁਣਨ ਵਾਲਾ | ਸ੍ਰੋਤਾ |
| 60. | ਨਾਟਕ ਲਿਖਣ ਵਾਲਾ | ਨਾਟਕਕਾਰ |
| 61. | ਨਾਵਲ ਲਿਖਣ ਵਾਲਾ | ਨਾਵਲਕਾਰ |
| 62. | ਯੋਧਿਆਂ ਦੀ ਮਹਿਮਾ ਵਿੱਚ ਲਿਖੀ ਗਈ ਬਿਰਤਾਂਤਿਕ ਕਵਿਤਾ | ਵਾਰ |
| 63. | ਕਿਸੇ ਨੂੰ ਲਾ ਕੇ ਕਹੀ ਗੱਲ | ਮਿਹਣਾ, ਟਕੋਰ |
| 64. | ਲੜਾਈ ਵਿੱਚ ਨਿਡਰਤਾ ਨਾਲ ਲੜਨ ਵਾਲਾ | ਸੂਰਮਾ |
| 65. | ਲੋਕਾਂ ਨੂੰ ਵਿਆਜ ਉੱਤੇ ਰੁਪਈਏ ਦੇਣ ਵਾਲਾ ਵਿਅਕਤੀ | ਸ਼ਾਹੂਕਾਰ |
| 66. | ਲੱਕੜਾਂ ਕੱਟਣ ਵਾਲਾ | ਲੱਕੜਹਾਰਾ |
| 67. | ਲੋਕਾਂ ਦੇ ਪ੍ਰਤਿਨਿਧਾਂ ਦੀ ਕਨੂੰਨ ਬਣਾਉਣ ਵਾਲੀ ਸਭਾ | ਲੋਕ-ਸਭਾ |
| 68. | ਸਾਰਿਆਂ ਦੀ ਸਾਂਝੀ ਰਾਏ | ਸਰਬ-ਸੰਮਤੀ |
| 69. | ਭਾਰਤ ਦਾ ਵਸਨੀਕ | ਭਾਰਤੀ |
| 70. | ਪੰਜਾਬ ਦਾ ਵਸਨੀਕ | ਪੰਜਾਬੀ/ਪੰਜਾਬਣ |

ਅਵਤਾਰ ਸਿੰਘ,ਪੰਜਾਬੀ ਮਾਸਟਰ ਸ.ਮਿ.ਸ.ਟੋਪਰਾ (ਪਟਿ:) 99886-43700

# ਜਮਾਤ –8ਵੀਂ ਮੁਹਾਵਰੇ

91. **ਪਾਜ ਖੁੱਲ੍ਹ ਜਾਣਾ- (ਭੇਦ ਖੁੱਲ੍ਹ ਜਾਣਾ)** ਲੁਕ–ਛਿਪ ਕੇ ਵੀ ਬੁਰਾ ਕੰਮ ਨਾ ਕਰੋ ਕਿਉਂਕਿ ਅਜਿਹੇ ਕੰਮ ਦਾ ਪਾਜ ਖੁੱਲ੍ਹਣ ਨੂੰ ਦੇਰ ਨਹੀਂ ਲੱਗਦੀ।

92. **ਪਾਪੜ ਵੇਲਣਾ - (ਕਈ ਕੰਮ ਕਰਨੇ)** ਆਮ ਆਦਮੀ ਨੂੰ ਘਰ ਦੇ ਖ਼ਰਚੇ ਪੂਰੇ ਕਰਨ ਲਈ ਕਈ ਤਰ੍ਹਾਂ ਦੇ ਪਾਪੜ ਵੇਲਣੇ ਪੈਂਦੇ ਹਨ।

93. **ਪੁੱਠੀਆਂ ਛਾਲ੍ਹਾਂ ਮਾਰਨੀਆਂ- (ਬਹੁਤ ਖ਼ੁਸ਼ ਹੋਣਾ)** ਜਦੋਂ ਖਿਡਾਰੀ ਮੈਚ ਜਿੱਤ ਗਏ ਤਾਂ ਉਹ ਪੁੱਠੀਆਂ ਛਾਲ੍ਹਾਂ ਮਾਰਨ ਲੱਗੇ।

94. **ਪੈਰਾਂ ਹੇਠੋਂ ਜ਼ਮੀਨ ਖਿਸਕਣਾ- (ਘਬਰਾ ਜਾਣਾ)** ਪੁਲਿਸ ਦੀ ਗੱਡੀ ਨੂੰ ਸਾਮ੍ਹਣੇ ਤੋਂ ਆਉਂਦਿਆਂ ਵੇਖ ਕੇ ਸਮਗਲਰਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ।

95. **ਫਿੱਕੇ ਪੈਣਾ- (ਸ਼ਰਮਿੰਦੇ ਹੋਣਾ)** ਝੂਠ ਬੋਲ ਕੇ ਵਿਆਹ ਕਰਾਉਣ ਵਾਲੇ ਅੰਤ ਨੂੰ ਫਿੱਕੇ ਪੈਂਦੇ ਹਨ।

96. **ਫੁੱਟੀ ਅੱਖ ਨਾ ਭਾਉਣਾ - (ਨਫ਼ਰਤ ਕਰਨਾ)** ਵੱਢੀਖ਼ੋਰ ਕਿਸੇ ਨੂੰ ਫੁੱਟੀ ਅੱਖ ਨਹੀਂ ਭਾਉਂਦੇ।

97. **ਫੁੱਲੇ ਨਾ ਸਮਾਉਣਾ- (ਬਹੁਤ ਖ਼ੁਸ਼ ਹੋਣਾ)** ਮੀਨੂੰ ਆਪਣੀ ਭੈਣ ਦੇ ਪੀ. ਸੀ. ਐੱਸ. ਵਿੱਚ ਚੁਣੇ ਜਾਣ 'ਤੇ ਫੁੱਲੀ ਨਹੀਂ ਸਮਾ ਰਹੀ ਸੀ।

98. **ਬਾਂਹ ਭੱਜਣੀ- (ਆਸਰਾ ਟੁੱਟ ਜਾਣਾ)** ਸੰਸਾਰ ਵਿੱਚ ਰੂਸ ਦੇ ਟੁੱਟਣ 'ਤੇ ਭਾਰਤ ਨੂੰ ਆਪਣੀ ਬਾਂਹ ਭੱਜੀ ਪ੍ਰਤੀਤ ਹੋਈ।

99. **ਬੁੱਕਲ਼ ਵਿੱਚ ਮੂੰਹ ਦੇਣਾ - (ਸ਼ਰਮਿੰਦਾ ਹੋਣਾ)** ਪਹਿਲਾਂ ਤਾਂ ਸਾਨੂੰ ਚੁਗ਼ਲੀ ਕਰਨੀ ਹੀ ਨਹੀਂ ਚਾਹੀਦੀ, ਬਾਅਦ ਵਿੱਚ ਬੁੱਕਲ਼ ਵਿੱਚ ਮੂੰਹ ਦੇਣ ਦਾ ਕੀ ਫ਼ਾਇਦਾ।

100. **ਭੰਡੀ ਕਰਨੀ- (ਬੁਰਾਈ ਕਰਨੀ)** ਨੂੰਹ ਤੇ ਸੱਸ ਦੋਵੇਂ ਚੰਗੀਆਂ ਹਨ, ਕਦੇ ਵੀ ਇੱਕ–ਦੂਜੇ ਦੀ ਭੰਡੀ ਨਹੀਂ ਕਰਦੀਆਂ।

## ਅਖਾਣ (11 ਤੋਂ 15)

11. **ਡਿਗੀ ਖੋਤੇ ਤੋਂ, ਗ਼ੁੱਸਾ ਘੁਮਿਆਰ 'ਤੇ —** (ਕਸੂਰ ਕਿਸੇ ਹੋਰ ਦਾ ਹੋਵੇ ਅਤੇ ਗ਼ੁੱਸਾ ਕਿਸੇ ਹੋਰ 'ਤੇ ਕੀਤਾ ਜਾਵੇ) ਨਵਦੀਪ ਤੇ ਹਰਦੀਪ ਦਫ਼ਤਰ ਵਿੱਚ ਕਿਸੇ ਗੱਲੋਂ ਝਗੜ ਪਏ। ਥੋੜ੍ਹੀ ਦੇਰ ਬਾਅਦ ਜਦੋਂ ਰਤਨਚੰਦ ਨੇ ਹਰਦੀਪ ਤੋਂ ਫ਼ਾਈਲ ਮੰਗੀ ਤਾਂ ਉਸ ਨੇ ਗ਼ੁੱਸੇ ਵਿੱਚ ਵਗਾਹ ਕੇ ਮਾਰੀ। ਇਸ 'ਤੇ ਰਤਨਚੰਦ ਨੇ ਕਿਹਾ, "ਭਈ ਤੇਰੇ ਵਾਲ਼ੀ ਤਾਂ ਉਹ ਗੱਲ ਹੈ ਕਿ ਡਿਗੀ ਖੋਤੇ ਤੋਂ, ਗ਼ੁੱਸਾ ਘੁਮਿਆਰ 'ਤੇ।" ਝਗੜਾ ਤੇਰਾ ਨਵਦੀਪ ਨਾਲ਼ ਹੈ ਪਰ ਗ਼ੁੱਸਾ ਤੂੰ ਮੇਰੇ ਉੱਤੇ ਕੱਢ ਰਿਹਾ ਹੈਂ।

12. **ਦਾਲ਼ ਵਿੱਚ ਕੁਝ ਕਾਲ਼ਾ ਹੋਣਾ —** (ਮਾਮਲੇ ਵਿੱਚ ਕੁਝ ਹੇਰਾ–ਫੇਰੀ ਹੋਣ ਦਾ ਸ਼ੱਕ ਹੋਣਾ) ਅੱਜ ਮੇਰਾ ਗੁਆਂਢੀ ਐੱਮ. ਐੱਲ. ਏ. ਸੁਰਿੰਦਰ ਸਿੰਘ ਬੜਾ ਹੱਸ –ਹੱਸ ਕੇ ਗੱਲਾਂ ਕਰਦਾ ਹੈ। ਅੱਗੇ ਕਿਸੇ ਨੂੰ ਬੁਲਾਉਂਦਾ ਤੱਕ ਨਹੀਂ ਸੀ। ਜ਼ਰੂਰ ਦਾਲ਼ ਵਿੱਚ ਕੁਝ ਕਾਲ਼ਾ ਜਾਪਦਾ ਹੈ।

14. **ਘਰ ਦੀ ਮੁਰਗ਼ੀ ਦਾਲ਼ ਬਰਾਬਰ —**( ਘਰ ਦੀ ਚੰਗੀ ਚੀਜ਼ ਨੂੰ ਮਾੜਾ ਸਮਝਣਾ) ਭਾਰਤੀ ਕੋਚ ਬਥੇਰੇ ਨਿਪੁੰਨ ਹਨ, ਵਿਦੇਸ਼ੀ ਕੋਚ ਇਹਨਾਂ ਨਾਲ਼ੋਂ ਬਿਹਤਰ ਨਹੀਂ। ਅਸੀਂ ਘਰ ਦੀ ਮੁਰਗ਼ੀ ਦਾਲ਼ ਬਰਾਬਰ ਸਮਝ ਕੇ ਆਪਣਿਆਂ ਦਾ ਮੁੱਲ ਨਹੀਂ ਪਾਉਂਦੇ।

15. **ਘਰ ਦਾ ਭੇਤੀ ਲੰਕਾ ਢਾਹੇ —** (ਭੇਤੀ ਆਦਮੀ ਵਧੇਰੇ ਨੁਕਸਾਨ ਪਹੁੰਚਾਉਂਦਾ ਹੈ) ਭਾਈਵਾਲ ਜਸਪਾਲ ਸਿੰਘ ਨਾਲ਼ ਝਗੜਾ ਹੋਣ ਮਗਰੋਂ ਦੂਸਰੇ ਹੀ ਦਿਨ ਜਦੋਂ ਕੇਹਰੂ ਦੇ ਘਰੋਂ ਸਮਗਲਿੰਗ ਦਾ ਸਮਾਨ ਫੜਿਆ ਗਿਆ ਤਾਂ ਉਸ ਨੇ ਕਿਹਾ, "ਘਰ ਦਾ ਭੇਤੀ ਲੰਕਾ ਢਾਹੇ।" ਇਹ ਸਾਰੀ ਸ਼ਰਾਰਤ ਜਸਪਾਲ ਦੀ ਹੈ ਕਿਉਂਕਿ ਉਸ ਤੋਂ ਬਿਨਾਂ ਇਸ ਦਾ ਹੋਰ ਕਿਸੇ ਨੂੰ ਪਤਾ ਨਹੀਂ ਸੀ।


ਪੰਜਾਬ ਸਕੂਲ ਸਿੱਖਿਆ ਵਿਭਾਗ

ਪੜ੍ਹੋ ਪੰਜਾਬ ਪੜ੍ਹਾਓ ਪੰਜਾਬ



ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ ਸਕੂਲ,ਦੇਧਨਾ
99886-43700



ਇਸ ਕੋਡ ਨੂੰ ਸਕੈਨ ਕਰਕੇ PUNJAB EDUCARE ਐਪ ਡਾਊਨਲੋਡ ਕਰੋ ਤੇ ਸਾਰਾ Study Matetrial ਘਰ ਬੈਠੇ ਪ੍ਰਾਪਤ ਕਰੋ।

# ਜਮਾਤ -8ਵੀਂ ਲਿੰਗ ਬਦਲੋ

### ਅੰਤ ਵਿੱਚ ਬਿਹਾਰੀ ( ੀ ) ਲਾ ਕੇ

| ਪੁਲਿੰਗ | ਇਸਤਰੀ ਲਿੰਗ |
|---|---|
| ਪੁੱਤਰ | ਪੁੱਤਰੀ |
| ਦਾਸ | ਦਾਸੀ |

### ਅੰਤ ਵਿੱਚ ਕੰਨਾ ( ਾ ) ਲਾ ਕੇ

| ਪੁਲਿੰਗ | ਇਸਤਰੀ ਲਿੰਗ |
|---|---|
| ਸੇਵਕ | ਸੇਵਕਾ |
| ਲੇਖਕ | ਲੇਖਕਾ |

### ਅੰਤ ਵਿੱਚ (ਨੀ) ਲਾ ਕੇ

| ਪੁਲਿੰਗ | ਇਸਤਰੀ ਲਿੰਗ |
|---|---|
| ਸ਼ੇਰ | ਸ਼ੇਰਨੀ |
| ਫ਼ਕੀਰ | ਫ਼ਕੀਰਨੀ |

### ਅੰਤ ਵਿੱਚ 'ਣੀ' ਲਾ ਕੇ

| ਪੁਲਿੰਗ | ਇਸਤਰੀ ਲਿੰਗ |
|---|---|
| ਸੰਤ | ਸੰਤਣੀ |
| ਕੁੜਮ | ਕੁੜਮਣੀ |

### ਅੰਤ ਵਿੱਚ ਕੰਨਾ ਅਤੇ 'ਣੀ' ਲਾ ਕੇ

| ਪੁਲਿੰਗ | ਇਸਤਰੀ ਲਿੰਗ |
|---|---|
| ਸੇਠ | ਸੇਠਾਣੀ |
| ਨੌਕਰ | ਨੌਕਰਾਣੀ |

### ਅੰਤ ਵਿੱਚ 'ੜੀ' ਲਾ ਕੇ

| ਪੁਲਿੰਗ | ਇਸਤਰੀ ਲਿੰਗ |
|---|---|
| ਸੰਦੂਕ | ਸੰਦੂਕੜੀ |
| ਬਾਲ | ਬਾਲੜੀ |

### ਬਿਹਾਰੀ ਦੀ ਥਾਂ 'ਨ' ਲਾ ਕੇ

| ਪੁਲਿੰਗ | ਇਸਤਰੀ ਲਿੰਗ |
|---|---|
| ਹਾਣੀ | ਹਾਣਨ |
| ਖਿਡਾਰੀ | ਖਿਡਾਰਨ |

### ਬਿਹਾਰੀ ਦੀ ਥਾਂ 'ਣ' ਲਾ ਕੇ

| ਪੁਲਿੰਗ | ਇਸਤਰੀ ਲਿੰਗ |
|---|---|
| ਧੋਬੀ | ਧੋਬਣ |
| ਗੁਆਂਢੀ | ਗੁਆਂਢਣ |

### ਬਿਹਾਰੀ ਦੀ ਥਾਂ ਸਿਹਾਰੀ ਤੇ ਨਾਲ਼ 'ਣ' ਲਾ ਕੇ

| ਪੁਲਿੰਗ | ਇਸਤਰੀ ਲਿੰਗ |
|---|---|
| ਹਲਵਾਈ | ਹਲਵਾਇਣ |
| ਨਾਈ | ਨਾਇਣ |

### ਕੰਨੇ ਦੀ ਥਾਂ ਬਿਹਾਰੀ ( ੀ) ਲਾ ਕੇ

| ਪੁਲਿੰਗ | ਇਸਤਰੀ ਲਿੰਗ |
|---|---|
| ਮਾਮਾ | ਮਾਮੀ |
| ਬਿੱਲਾ | ਬਿੱਲੀ |

### ਕੰਨੇ ਦੀ ਥਾਂ 'ਨ' ਲਾ ਕੇ

| ਪੁਲਿੰਗ | ਇਸਤਰੀ ਲਿੰਗ |
|---|---|
| ਸਪੇਰਾ | ਸਪੇਰਨ |
| ਮਛੇਰਾ | ਮਛੇਰਨ |

### ਈਆ ਦੀ ਥਾਂ 'ਨ ਜਾਂ ਣ' ਲਾ ਕੇ

| ਪੁਲਿੰਗ | ਇਸਤਰੀ ਲਿੰਗ |
|---|---|
| ਪਹਾੜੀਆ | ਪਹਾੜਨ |
| ਦੁਆਬੀਆ | ਦੁਆਬਣ |

### ਮਨੁੱਖੀ ਸਬੰਧਾਂ ਲਈ ਵਰਤੇ ਜਾਣ ਵਾਲ਼ੇ ਸ਼ਬਦ

| ਪੁਲਿੰਗ | ਇਸਤਰੀ ਲਿੰਗ |
|---|---|
| ਪਿਤਾ | ਮਾਤਾ |
| ਫੁੱਫੜ | ਭੂਆ |
| ਮਾਸੜ | ਮਾਸੀ |

### ਫੁਟਕਲ ਸ਼ਬਦ

| ਪੁਲਿੰਗ | ਇਸਤਰੀ ਲਿੰਗ |
|---|---|
| ਨਵਾਬ | ਬੇਗਮ |
| ਸਾਹਿਬ | ਮੇਮ |
| ਸ੍ਰੀਮਾਨ | ਸ੍ਰੀਮਤੀ |

ਅਵਤਾਰ ਸਿੰਘ,ਪੰਜਾਬੀ ਮਾਸਟਰ ਸ.ਮਿ.ਸ.ਦੇਧਨਾ (ਪਟਿ:) 99886-43700